**SHIVALIK PUBLIC SCHOOL MOHALI**
**WORKSHEET – 1**
**CLASS – IV**
**SUBJECT – PUNJABI**
**UNIT – 6**

## ਭਾਗ- ੳ (ਅਣਡਿੱਠਾ ਪੈਰ੍ਹਾ)

ਪ੍ਰਸ਼ਨ – 1 ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਚੁਣੋ।

ਸ਼੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ। ਆਪ ਜੀ ਦਾ ਜਨਮ 1469 ਈ: ਨੂੰ ਨਨਕਾਣਾ ਸਾਹਿਬ ਵਿੱਚ ਹੋਇਆ ਜੋ ਹੁਣ ਪਾਕਿਸਤਾਨ ਵਿੱਚ ਹੈ। ਆਪ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਤੇ ਆਪ ਜੀ ਦੀ ਮਾਤਾ ਜੀ ਦਾ ਨਾਂ ਤ੍ਰਿਪਤਾ ਦੇਵੀ ਸੀ। ਆਪ ਜੀ ਦੀ ਭੈਣ ਦਾ ਨਾਂ ਬੀਬੀ ਨਾਨਕੀ ਸੀ। ਜਦੋਂ ਆਪ ਜੀ ਸੱਤ ਸਾਲ ਦੇ ਹੋਏ ਤਾਂ ਆਪ ਨੂੰ ਮੌਲਵੀ ਅਤੇ ਪੰਡਤ ਕੋਲ ਪੜ੍ਹਨ ਲਈ ਭੇਜਿਆ ਗਿਆ। ਆਪ ਜੀ ਨੇ ਆਪਣੇ ਗਿਆਨ ਨਾਲ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ। ਆਪ ਹਮੇਸ਼ਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਇੱਕ ਵਾਰ ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਵੀਹ ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ ਪਰ ਆਪ ਜੀ ਨੇ ਕੁੱਝ ਭੁੱਖੇ ਸਾਧੂਆਂ ਨੂੰ ਉਨ੍ਹਾਂ ਵੀਹ ਰੁਪਇਆ ਦਾ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ।

ੳ) ਸ਼੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਕਿੰਨਵੇ ਗੁਰੂ ਸਨ?

1) ਦੂਜੇ 2) ਪਹਿਲੇ 3) ਚੌਥੇ

ਅ) ਆਪ ਜੀ ਨੂੰ ਕਿਨ੍ਹੇ ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ?

1) ਵੀਹ 2) ਪੰਜਾਹ 3) ਦਸ

ੲ) ਆਪ ਜੀ ਦਾ ਜਨਮ ਕਦੋਂ ਹੋਇਆ?

1) 1469 2) 1569 3) 1471

ਸ) ਆਪ ਜੀ ਦੇ ਪਿਤਾ ਦਾ ਨਾਂ ਕੀ ਸੀ?

ਹ) ਆਪ ਜੀ ਦੀ ਮਾਤਾ ਦਾ ਨਾਂ ਕੀ ਸੀ?

2. ਪ੍ਰਸ਼ਨ/ਉੱਤਰ

1. ਤੁਹਾਡਾ ਮਨਪਸੰਦ ਖਿਡੌਣਾ ਕਿਹੜਾ ਹੈ?
2. ਭਾਲੂ ਵਾਲਾ ਖਿਡੌਣਾ ਕੀ ਕਰਦਾ ਹੈ?
3. ਭੂਰੀ ਚਿੜੀ ਨੇ ਕਾਲੀ ਚਿੜੀ ਦਾ ਧੰਨਵਾਦ ਕਿਉਂ ਕੀਤਾ?
4. ਰਵਨੀਤ ਦਾ ਮੂੰਹ ਕੌਣ ਚੱਟਣ ਲੱਗਾ?

3. ਵਚਨ ਬਦਲੋ:-

1. ਮਾਂ 2. ਭੈਣ 3. ਗਿਆ 4. ਰਾਜਾ 5. ਮੇਰੀ 6. ਘੋੜਾ

4. ਹੇਠਾਂ ਦਿੱਤੇ ਗਏ ਪੰਛੀਆਂ ਨੂੰ ਉਹਨਾਂ ਦੀਆਂ ਅਵਾਜਾਂ ਨਾਲ ਮਿਲਾਓ:-

| | |
|---|---|
| 1. ਚਿੜੀ | ਟੈਂ-ਟੈਂ |
| 2. ਕਾਂ | ਗੁਟਕੂੰ-ਗੁਟਕੂੰ |
| 3. ਮੋਰ | ਚੀਂ-ਚੀਂ |
| 4. ਤੋਤਾ | ਕਾਂ-ਕਾਂ |
| 5. ਕਬੂਤਰ | ਕਐਂ-ਕਐਂ |

5. ਵਾਕ ਬਣਾਓ:-

1) ਮਟਰ 2) ਦੁੱਧ 3) ਕਤੂਰਾਂ 4) ਬੋਟ

6. ਗਿਣਤੀ (36-40) ਤੱਕ ਸ਼ਬਦਾਂ ਵਿੱਚ ਲਿਖੋ।

7. ਪੰਜਾਬੀ ਵਿੱਚ ਅਨੁਵਾਦ ਕਰੋ:-

1) Quickly 2) Infant birds 3) Pond 4) coop

8. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਪੰਛੀਆਂ ਦੇ ਨਾਂ ਦੁਆਲੇ ਗੋਲਾ ਲਗਾਓ।

1. ਕਬੂਤਰ
2. ਉੱਲੂ
3. ਘੁੱਗੀ
4. ਬਿਜੜਾ
5. ਤੋਤਾ
6. ਬੁਲਬੁਲ

9. ਸਹੀ ਉੱਤਰ ਚੁਣੋ:-

1. ਫਾਰਮ ਵਿੱਚ ਰਹਿਣ ਵਾਲਿਆਂ ਕੁੱਤਿਆਂ ਦੇ ਨਾਂ ਕੀ ਹੈ?

ੳ) ਹੈਰੀ ਤੇ ਸ਼ੇਰੂ ਅ) ਰਾਜਾ ਤੇ ਰੌਕੀ

2. ਮੁਰਗੀਆਂ ਕੀ ਦੇਂਦੀਆਂ ਹਨ?

ੳ) ਦੁੱਧ ਅ) ਆਂਡੇ

3. ਕਤੂਰਾ ਕਿਸਨੂੰ ਆਖਦੇ ਹਨ?

ੳ) ਮੁਰਗੀ ਦੇ ਬੱਚੇ ਅ) ਕੁੱਤੀ ਦੇ ਬੱਚੇ

10. ਲੇਖ ਤਿਰੰਗੇ ਝੰਡੇ ਬਾਰੇ ਲਿਖੋ।



**SHIVALIK PUBLIC SCHOOL MOHALI**

**WORKSHEET – 1**

**CLASS – IV**

**SUBJECT – PUNJABI**

**UNIT – 6**

**TOPIC – ਪਾਠ 8 (ਖਿਡੌਣਿਆਂ ਦੀ ਦੁਕਾਨ)**

**ANSWER KEY**

**ਭਾਗ - ੳ (ਅਣਡਿੱਠਾ ਪੈਰ੍ਹਾ)**

**ਪ੍ਰਸ਼ਨ - 1 ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਚੁਣੋ।**

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ। ਆਪ ਜੀ ਦਾ ਜਨਮ 1469 ਈ ਨੂੰ ਨਨਕਾਣਾ ਸਾਹਿਬ ਵਿੱਚ ਹੋਇਆ ਜੋ ਹੁਣ ਪਾਕਿਸਤਾਨ ਵਿੱਚ ਹੈ। ਆਪ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਤੇ ਆਪ ਜੀ ਦੀ ਮਾਤਾ ਜੀ ਦਾ ਨਾਂ ਤ੍ਰਿਪਤਾ ਦੇਵੀ ਸੀ। ਆਪ ਜੀ ਦੀ ਭੈਣ ਦਾ ਨਾਂ ਬੀਬੀ ਨਾਨਕੀ ਸੀ। ਜਦੋਂ ਆਪ ਜੀ ਸੱਤ ਸਾਲ ਦੇ ਹੋਵੇ ਤਾਂ ਆਪ ਨੂੰ ਮੌਲਵੀ ਅਤੇ ਪੰਡਤ ਕੋਲ ਪੜ੍ਹਨ ਲਈ ਭੇਜਿਆ ਗਿਆ। ਆਪ ਜੀ ਨੇ ਆਪਣੇ ਗਿਆਨ ਨਾਲ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ। ਆਪ ਹਮੇਸ਼ਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਇੱਕ ਵਾਰ ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਵੀਹ ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ ਪਰ ਆਪ ਜੀ ਨੇ ਕੁੱਝ ਭੁੱਖੇ ਸਾਧੂਆਂ ਨੂੰ ਉਨ੍ਹਾਂ ਵੀਹ ਰੁਪਇਆ ਦਾ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ।

ੳ) ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਕਿੰਨਵੇ ਗੁਰੂ ਸਨ?

1) ਦੂਜੇ 2) ਪਹਿਲੇ 3) ਚੌਥੇ

**ਉੱਤਰ:- 2) ਪਹਿਲੇ**

ਅ) ਆਪ ਜੀ ਨੂੰ ਕਿਨ੍ਹੇ ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ?

1) ਵੀਹ 2) ਪੰਜਾਹ 3) ਦਸ

**ਉੱਤਰ:- 1) ਵੀਹ**

ੲ) ਆਪ ਜੀ ਦਾ ਜਨਮ ਕਦੋਂ ਹੋਇਆ?

1) 1469 2)1569 3) 1471

**ਉੱਤਰ:- 1) 1469**

ਸ) ਆਪ ਜੀ ਦੇ ਪਿਤਾ ਦਾ ਨਾਂ ਕੀ ਸੀ?

**ਉੱਤਰ:- ਆਪ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਜੀ ਸੀ।**

ਹ) ਆਪ ਜੀ ਦੀ ਮਾਤਾ ਦਾ ਨਾਂ ਕੀ ਸੀ?

**ਉੱਤਰ:- ਆਪ ਜੀ ਦੀ ਮਾਤਾ ਜੀ ਦਾ ਨਾਂ ਤ੍ਰਿਪਤਾ ਦੇਵੀ ਜੀ ਸੀ।**

**2. ਪ੍ਰਸ਼ਨ ਉੱਤਰ:-**

1. ਤੁਹਾਡਾ ਮਨਪਸੰਦ ਖਿਡੌਣਾ ਕਿਹੜਾ ਹੈ?

**ਉੱਤਰ:- ਮੇਰਾ ਮਨਪਸੰਦ ਖਿਡੌਣਾ ਭਾਲੂ ਹੈ।**

2. ਭਾਲੂ ਵਾਲਾ ਖਿਡੌਣਾ ਕੀ ਕਰਦਾ ਹੈ?

**ਉੱਤਰ:- ਭਾਲੂ ਵਾਲਾ ਖਿਡੌਣਾ ਬੈਂਡ ਵਜਾਉਂਦਾ ਹੈ।**

3. ਮੋਨੂੰ ਖਿਡੌਣੇ ਲੈ ਕੇ ਦੇਣ ਲਈ ਕਿਸਨੂੰ ਆਖਦਾ ਹੈ?

**ਉੱਤਰ:- ਮੋਨੂੰ ਖਿਡੌਣਾ ਲੈ ਕੇ ਦੇਣ ਲਈ ਆਪਣੀ ਮਾਂ ਨੂੰ ਆਖਦਾ ਹੈ।**

4. ਚਾਰ ਪਹੀਏ ਕਿਸਨੂੰ ਲੱਗੇ ਹੋਏ ਹਨ?

**ਉੱਤਰ:- ਚਾਰ ਪਹੀਏ ਕਾਰ ਨੂੰ ਲੱਗੇ ਹੋਏ ਹਨ।**

**3. ਲਿੰਗ ਬਦਲੋ:-**

1) ਊਠ - **ਊਠਣੀ**

2) ਕੁਕੜ - **ਕੁਕੜੀ**

3) ਬਲਦ – **ਗਊ**

4) ਢੋਲ - **ਢੋਲਕੀ**

5) ਹਿਰਨ - **ਹਿਰਨੀ**

6) ਮਾਤਾ - **ਪਿਤਾ**

**4. ਵਾਕ ਬਣਾਓ :-**

1) ਖਿਡੌਣਾ –**ਮੇਰੇ ਕੋਲ ਭਾਲੂ ਵਾਲਾ ਖਿਡੌਣਾ ਹੈ।**

2) ਕਾਰ – **ਮੇਰੇ ਕੋਲ ਲਾਲ ਰੰਗ ਦੀ ਕਾਰ ਹੈ।**

3) ਮੁਸਾਕਨ – **ਖਿਡੌਣਾ ਦੇਖ ਕੇ ਬੱਚਿਆਂ ਦੇ ਮੂੰਹ ਤੇ ਮੁਸਕਾਨ ਆ ਜਾਂਦੀ ਹੈ।**

4) ਕੱਪੜੇ – **ਸਰਦੀ ਵਿੱਚ ਗਰਮ ਕੱਪੜੇ ਪਾਉਣੇ ਚਾਹੀਦੇ ਹਨ।**

**5. ਗਿਣਤੀ (31-35) ਤੱਕ ਸ਼ਬਦਾਂ ਵਿੱਚ ਲਿਖੋ:-**

1. **31- ਇਕੱਤੀ**
2. **32 - ਬੱਤੀ**
3. **33 - ਤੈਤੀ**
4. **34 - ਚੌਂਤੀ**
5. **35 - ਪੈਂਤੀ**

**6. ਪੰਜਾਬੀ ਵਿੱਚ ਅਨੁਵਾਦ ਕਰੋ:-**

1) Tyre –ਟਾਇਰ, ਪਹੀਆ      2) To entertain – ਮਨ ਖੁਸ਼ ਕਰਨਾ, ਮਨ ਪਰਚਾਵਾ

3) Smile – ਮੁਸਕਾਨ      4) Toy - ਖਿਡੌਣਾ

**7. ਹਰ ਸ਼ਬਦ ਲਈ ਇਕੋ ਜਿਹੀ ਲੈਅ ਵਾਲਾ ਇੱਕ ਹੋਰ ਸ਼ਬਦ ਲਿਖੋ:-**

1. ਦੁਕਾਨ - **ਮੁਸਕਾਨ**

2.ਭਾਲੂ - **ਕਾਲੂ**

3. ਮੋਰ **- ਚੋਰ**

4. ਪਿਆਰਾ - **ਨਿਆਰਾ**

**8. ਸਹੀ ਉੱਤਰ ਚੁਣੋ:-**

1. ਮੋਨੂੰ ਕੀ ਲੈਣਾ ਚਾਹੁੰਦਾ ਹੈ?

   ੳ) ਕੱਪੜੇ ਅ) ਖਿਡੌਣੇ

   **ਉੱਤਰ:- ਖਿਡੌਣੇ**

2. ਬਾਂਦਰ ਵਾਲਾ ਖਿਡੌਣਾ ਕੀ ਕਰਦਾ ਹੈ?

   ੳ) ਨਾਚ ਵਿਖਾਉਂਦਾ ਹੈ ਅ) ਟੱਪਦਾ ਹੈ

   **ਉੱਤਰ:- ਨਾਚ ਵਿਖਾਉਂਦਾ ਹੈ।**

3. ਇਹਨਾਂ ਵਿੱਚੋ ਕਿਹੜਾ ਖਿਡੌਣਾ ਮੂੰਹ ਅੱਡੀ ਦੌੜਦਾ ਹੈ?

   ੳ) ਬੈਟਰੀ ਵਾਲੀ ਕਾਰ ਅ) ਰੇਲਗੱਡੀ

   **ਉੱਤਰ:- ਰੇਲਗੱਡੀ**

**9. ਹੇਠਾਂ ਦਿੱਤੇ ਦੇਖੋ, ਸਮਝੋ ਅਤੇ ਕਰੋ:-**

| ਇੱਕ ਖਿਡੌਣਾ | | ਕਈ ਖਿਡੌਣੇ |
|---|---|---|
| 1. ਤੋਤਾ | **-** | **ਤੋਤੇ** |
| 2. ਬੱਚਾ | **-** | **ਬੱਚੇ** |
| 3. ਚਮਚਾ | **-** | **ਚਮਚੇ** |
| 4. ਘੋੜਾ | **-** | **ਘੋੜੇ** |
| 5. ਕੇਲਾ | **-** | **ਕੇਲੇ** |
| 6. ਪੱਤਾ | **-** | **ਪੱਤੇ** |

10. ਆਪਣੇ ਮਨਪਸੰਦ ਖਿਡੌਣੇ ਬਾਰੇ ਕੁਝ ਵਾਕ ਲਿਖੋ:-

1. ਮੇਰੇ ਮਨਪਸੰਦ ਖਿਡੌਣਾ ਭਾਲੂ ਹੈ।
2. ਇਹ ਬੈਂਡ ਵਜਾਉਂਦਾ ਹੈ।
3. ਇਸ ਦਾ ਰੰਗ ਭੂਰਾ ਹੈ।
4. ਮੈਨੂੰ ਇਸ ਨਾਲ ਖੇਡਣਾ ਬਹੁਤ ਚੰਗਾ ਲੱਗਦਾ ਹੈ।
5. ਜਦੋਂ ਇਹ ਬੈਂਡ ਵਜਾਉਂਦਾ ਹੈ ਮੇਰੇ ਚਿਹਰੇ ਤੇ ਮੁਸਕਾਨ ਆ ਜਾਂਦੀ ਹੈ।

11. ਲੇਖ ਤਿਰੰਗੇ ਝੰਡੇ ਬਾਰੇ ਲਿਖੋ।



1. ਤਿਰੰਗਾ ਝੰਡਾ ਸਾਡੇ ਦੇਸ਼ ਦੀ ਸ਼ਾਨ ਦਾ ਪ੍ਰਤੀਕ ਹੈ।
2. ਤਿੰਨ ਰੰਗ ਹੋਣ ਕਰਕੇ ਇਸਨੂੰ ਤਿਰੰਗਾ ਝੰਡਾ ਕਿਹਾ ਜਾਂਦਾ ਹੈ।
3. ਕੇਸਰੀ ਰੰਗ ਕੁਰਬਾਨੀ ਤੇ ਸਾਹਸ ਦਾ ਪ੍ਰਤੀਕ ਹੈ।
4. ਹਰਾ ਰੰਗ ਹਰਿਆਲੀ ਦਾ ਪ੍ਰਤੀਕ ਹੈ।
5. ਸਫੇਦ ਰੰਗ ਸ਼ਾਂਤੀ ਦਾ ਪ੍ਰਤੀਕ ਹੈ।
6. ਝੰਡਾ ਹਰ ਸਾਲ 15 ਅਗਸਤ ਤੇ ਲਹਿਰਾਇਆ ਜਾਂਦਾ ਹੈ।
7. ਅਸ਼ੋਕ ਚੱਕਰ ਦੇ 24 ਭਾਗ ਹਨ ਅਤੇ ਇਹ ਨੀਲੇ ਰੰਗ ਦਾ ਹੁੰਦਾ ਹੈ।

**Shivalik Public School Mohali**

**Worksheet- 2**

**Class - 4th**

**Subject- Punjabi**

**Unit - 7**

ਪ੍ਰਸ਼ਨ 1. -ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ:-

ਘੜੇ ਦਾ ਪਾਣੀ, ਪੀਣ ਲਈ ਸਾਰਿਆਂ ਨੂੰ ਚੰਗਾ ਲੱਗਦਾ ਰਿਹਾ ਹੈ। ਕਿਹੜੀ ਥਾਂ ਸੀ, ਜਿੱਥੇ ਘੜਾ ਨਾ ਹੋਵੇ ਘੜੇ ਵਾਂਗ ਹੀ ਪੀਣ ਵਾਲੇ ਪਾਣੀ ਨੂੰ ਸਾਂਭਣ ਲਈ ਮੱਟ, ਘੜੀਆਂ, ਅਤੇ ਸੁਰਾਹੀਆਂ ਆਦਿ ਹੁੰਦੇ ਹਨ। ਉਂਝ ਚਾਟੀ , ਝੱਕਰਾ, ਝੱਕਰੀ ,ਤੌੜੀ ਵੀ ਘੜੇ ਦੇ ਹੀ ਰੂਪ ਹਨ ਪਰ ਇਹਨਾਂ ਦੀ ਵਰਤੋਂ ਘੜੇ ਨਾਲੋਂ ਵੱਖਰੀ ਹੁੰਦੀ ਹੈ। ਘੜੇ ਦਾ ਅਸਲੀ ਮੰਤਵ ਤਾਂ ਪੀਣ ਵਾਲੇ ਪਾਣੀ ਨੂੰ ਸੰਭਾਲਣਾ ਹੈ। ਘੜੇ ਨੂੰ ਸਾਜ਼ ਵਜੋਂ ਵੀ ਵਰਤਿਆ ਜਾਂਦਾ ਹੈ। ਉਗਲਾਂ ਵਿੱਚ ਛੱਲੇ ਪਾ ਕੇ ਜਦੋਂ ਕੋਈ ਵਜੰਤਰੀ ਘੜਾ ਵਜਾਉਂਦਾ ਹੈ ਤਾਂ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਘੜਾ ਗੱਲਾਂ ਕਰ ਰਿਹਾ ਹੋਵੇ। ਘਰਾਂ ਵਿੱਚ ਖੁਸ਼ੀ ਦੇ ਸਮਾਗਮਾਂ ਸਮੇਂ ਮੁਟਿਆਰਾਂ ਘੜੇ ਦੇ ਤਾਲ ਤੇ ਗੀਤ ਗਾਉਂਦੀਆਂ ਹਨ। ਘੜਾ ਵੱਜਦਾ ਹੈ ਤੇ ਬੋਲ ਆਪ ਮੁਹਾਰੇ ਹੀ ਘੜੇ ਨਾਲ ਇੱਕਮਿਕ ਹੁੰਦੇ ਦਿਖਾਈ ਦਿੰਦੇ ਹਨ।

ਘੜਾ ਵੱਜਦਾ ਘੜੋਲੀ ਵੱਜਦੀ ,

ਕਿਤੇ ਗਾਗਰ ਵੱਜਦੀ ਸੁਣ ਮੁੰਡਿਆ।

(i). ਘੜੇ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ

ੳ) ਝੱਕਰਾ ਅ) ਝੱਕਰੀ ੲ) ਤੌੜੀ ਸ) ਇਹ ਸਾਰੇ

(ii).ਘੜੇ ਨੂੰ ਕਿਸ ਚੀਜ਼ ਵਜੋਂ ਵਰਤਿਆ ਜਾਂਦਾ ਹੈ

ੳ) ਸਾਜ਼ ਵਜੋਂ ਅ) ਪਾਣੀ ਸੰਭਾਲ ਲਈ ੲ) ਤਾਲ ਲਈ ਸ) ਇਹ ਸਾਰੇ

(iii). ਘੜੇ ਦਾ ਅਸਲੀ ਮੰਤਵ ਕੀ ਹੈ?

ੳ) ਗੀਤ ਗਾਉਣਾ ਅ) ਪਾਣੀ ਨੂੰ ਸੰਭਾਲਣਾ ੲ) ਸਾਜ਼ ਵਜਾਉਣਾ ਸ) ਬੋਲਾਂ ਨੂੰ ਇੱਕ ਮਿੱਕ ਕਰਨਾ

(iv). ਖੁਸ਼ੀ ਦੇ ਸਮਾਗਮ ਸਮੇਂ ਮੁਟਿਆਰਾਂ ਕਿਸ ਦੀ ਤਾਲ ਤੇ ਗੀਤ ਗਾਉਂਦੀਆਂ ਹਨ

ੳ) ਮੱਟ ਦੀ ਅ) ਚਾਟੀ ਦੀ ੲ) ਘੜੇ ਦੀ ਸ) ਤੌੜੀ ਦੀ

(v). ਘੜਾ ਵੱਜਦਾ ਘੜੋਲੀ ਵੱਜਦੀ ਕਿਤੇ ...........ਵੱਜਦੀ ਸੁਣ ਮੁੰਡਿਆ ?

ੳ) ਝੁੱਕਰੇ ਅ) ਗਾਗਰ ੲ)ਘੜੇ ਸ) ਚਾਟੀ

ਪ੍ਰਸ਼ਨ 2. ਪੰਜਾਬੀ ਵਿੱਚ ਅਨੁਵਾਦ ਲਿਖੋ:-

(i) Pond
(ii) Quickly
(iii) Infant birds
(iv) Plants
(v) warmth
(vi) Coop

ਪ੍ਰਸ਼ਨ 3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :-

ੳ) ਤੇਜ਼ ਹਨੇਰੇ ਨਾਲ ਕੀ ਪੈਣ ਲੱਗੇ ?
ਅ) ਆਲਣੇ ਵਿੱਚ ਕਿਹੜੇ ਰੰਗ ਦੀ ਚਿੜੀ ਰਹਿੰਦੀ ਸੀ?
ੲ) ਰਵਨੀਤ ਦਾ ਮੂੰਹ ਕੌਣ ਚੱਟਣ ਲੱਗਾ?
ਸ) ਮੁਰਗੀਆਂ ਕਿੱਥੇ ਰਹਿੰਦੀਆਂ ਹਨ?
ਹ) ਕਾਲੀ ਚਿੜੀ ਦੇ ਬੋਟ ਕਿਉਂ ਖੁਸ਼ ਸਨ?
ਕ) ਰਵਨੀਤ ਆਪਣੇ ਮਮੀ ਪਾਪਾ ਨਾਲ ਕਿੱਥੇ ਗਿਆ?

ਪ੍ਰਸ਼ਨ 4. ਸਹੀ ਉੱਤਰ ਤੇ ਠੀਕ ਦਾ ਨਿਸ਼ਾਨ ਲਗਾਓ:-

ੳ) ਕਤੂਰਾ ਕਿਸ ਨੂੰ ਕਹਿੰਦੇ ਹਨ?

ਕੁੱਤੀ ਦੇ ਬੱਚੇ ਨੂੰ ☐ ਬਿੱਲੀ ਦੇ ਬੱਚੇ ਨੂੰ ☐

ਅ) ਗਾਵਾਂ ਕੀ ਦਿੰਦੀਆਂ ਹਨ?

ਦੁੱਧ ☐ ਆਂਡੇ ☐

ੲ) ਰਵਨੀਤ ਹੋਰੀ ਕਿੰਨੇ ਵਜੇ ਫਾਰਮ ਹਾਊਸ ਪਹੁੰਚੇ?

ਚਾਰ ਵਜੇ ☐ ਛੇ ਵਜੇ ☐

ਸ) ਫਾਰਮ ਵਿਚਲੇ ਤਲਾਬ ਵਿੱਚ ਕੀ ਸੀ?

ਮੱਛੀਆਂ ਤੇ ਬੱਤਖਾਂ ☐ ਡੱਡੂ ਤੇ ਬੱਤਖਾਂ ☐

ਪ੍ਰਸ਼ਨ 5.-ਵਚਨ ਬਦਲੋ

(i) ਗਿਆ

(ii) ਮੇਰੀ

(iii) ਕੰਧ

(iv) ਗਾਂ

(v) ਭੈਣ

(vi) ਰਾਜਾ

(vii) ਬੱਕਰੀ

(viii) ਘੋੜਾ

ਪ੍ਰਸ਼ਨ 6. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ:-

(i)ਦੁੱਧ

(ii) ਆਂਡੇ

(iii) ਕਤੂਰਾ

(iv) ਦਰਖ਼ਤ

ਪ੍ਰਸ਼ਨ 7. ਗਿਣਤੀ ਲਿਖੋ:-

(i) 37 - (ii) 40- (iii) 38-

ਪ੍ਰਸ਼ਨ 8.- ਲੇਖ ਤਿਰੰਗਾ ਝੰਡਾ ਦੀਆਂ ਕੋਈ ਪੰਜ ਸਤਰਾਂ ਲਿਖੋ

**Shivalik Public School Mohali**
**Worksheet -2**
**Class – 4th**
**Subject – Punjabi**
**Unit- 7**
**Answer Key**

ਪ੍ਰਸ਼ਨ 1. -ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ:-

ਘੜੇ ਦਾ ਪਾਣੀ, ਪੀਣ ਲਈ ਸਾਰਿਆਂ ਨੂੰ ਚੰਗਾ ਲੱਗਦਾ ਰਿਹਾ ਹੈ । ਕਿਹੜੀ ਥਾਂ ਸੀ, ਜਿੱਥੇ ਘੜਾ ਨਾ ਹੋਵੇ ਘੜੇ ਵਾਂਗ ਹੀ ਪੀਣ ਵਾਲੇ ਪਾਣੀ ਨੂੰ ਸਾਂਭਣ ਲਈ ਮੱਟ, ਘੜੀਆਂ, ਅਤੇ ਸੁਰਾਹੀਆਂ ਆਦਿ ਹੁੰਦੇ ਹਨ। ਉਂਝ ਚਾਟੀ , ਝੱਕਰਾ, ਝੱਕਰੀ ,ਤੌੜੀ ਵੀ ਘੜੇ ਦੇ ਹੀ ਰੂਪ ਹਨ ਪਰ ਇਹਨਾਂ ਦੀ ਵਰਤੋਂ ਘੜੇ ਨਾਲੋਂ ਵੱਖਰੀ ਹੁੰਦੀ ਹੈ। ਘੜੇ ਦਾ ਅਸਲੀ ਮੰਤਵ ਤਾਂ ਪੀਣ ਵਾਲੇ ਪਾਣੀ ਨੂੰ ਸੰਭਾਲਣਾ ਹੈ। ਘੜੇ ਨੂੰ ਸਾਜ਼ ਵਜੋਂ ਵੀ ਵਰਤਿਆ ਜਾਂਦਾ ਹੈ । ਉਂਗਲਾਂ ਵਿੱਚ ਛੱਲੇ ਪਾ ਕੇ ਜਦੋਂ ਕੋਈ ਵਜੰਤਰੀ ਘੜਾ ਵਜਾਉਂਦਾ ਹੈ ਤਾਂ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਘੜਾ ਗੱਲਾਂ ਕਰ ਰਿਹਾ ਹੋਵੇ । ਘਰਾਂ ਵਿੱਚ ਖੁਸ਼ੀ ਦੇ ਸਮਾਗਮਾਂ ਸਮੇਂ ਮੁਟਿਆਰਾਂ ਘੜੇ ਦੇ ਤਾਲ ਤੇ ਗੀਤ ਗਾਉਂਦੀਆਂ ਹਨ। ਘੜਾ ਵੱਜਦਾ ਹੈ ਤੇ ਬੋਲ ਆਪ ਮੁਹਾਰੇ ਹੀ ਘੜੇ ਨਾਲ ਇੱਕਮਿਕ ਹੁੰਦੇ ਦਿਖਾਈ ਦਿੰਦੇ ਹਨ।

ਘੜਾ ਵੱਜਦਾ ਘੜੋਲੀ ਵੱਜਦੀ ,

ਕਿਤੇ ਗਾਗਰ ਵੱਜਦੀ ਸੁਣ ਮੁੰਡਿਆ।

1. ਘੜੇ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ

ੳ) ਝੱਕਰਾ ਅ) ਝੱਕਰੀ ੲ) ਤੌੜੀ ਸ) ਉਪਰੋਕਤ ਸਾਰੇ

**ਉੱਤਰ:- ਉਪਰੋਕਤ ਸਾਰੇ**

2. ਘੜੇ ਨੂੰ ਕਿਸ ਚੀਜ਼ ਵਜੋਂ ਵਰਤਿਆ ਜਾਂਦਾ ਹੈ

ੳ) ਸਾਜ਼ ਵਜੋਂ ਅ) ਪਾਣੀ ਸੰਭਾਲ ਲਈ ੲ) ਤਾਲ ਲਈ ਸ) ਉਪਰੋਕਤ ਸਾਰੇ

**ਉੱਤਰ :- ਉਪਰੋਕਤ ਸਾਰੇ**

3. ਘੜੇ ਦਾ ਅਸਲੀ ਮੰਤਵ ਕੀ ਹੈ?

ੳ) ਗੀਤ ਗਾਉਣਾ ਅ) ਪਾਣੀ ਨੂੰ ਸੰਭਾਲਣਾ ੲ) ਸਾਜ਼ ਵਜਾਉਣਾ ਸ) ਬੋਲਾਂ ਨੂੰ ਇੱਕ ਮਿੱਕ ਕਰਨਾ

**ਉੱਤਰ :- ਪਾਣੀ ਨੂੰ ਸੰਭਾਲਣਾ**

4. ਖੁਸ਼ੀ ਦੇ ਸਮਾਗਮ ਸਮੇਂ ਮੁਟਿਆਰਾਂ ਕਿਸ ਦੀ ਤਾਲ ਤੇ ਗੀਤ ਗਾਉਂਦੀਆਂ ਹਨ ?

ੳ) ਮੱਟ ਦੀ ਅ) ਚਾਟੀ ਦੀ ੲ) ਘੜੇ ਦੀ ਸ) ਤੌੜੀ ਦੀ

**ਉੱਤਰ :- ਘੜੇ ਦੀ**

5. ਘੜਾ ਵੱਜਦਾ ਘੜੋਲੀ ਵੱਜਦੀ ਕਿਤੇ ...........ਵੱਜਦੀ ਸੁਣ ਮੁੰਡਿਆ ?

ੳ) ਝੁੱਕਰੇ ਅ) ਗਾਗਰ ੲ)ਘੜੇ ਸ) ਚਾਟੀ

**ਉੱਤਰ :- ਗਾਗਰ**

ਪ੍ਰਸ਼ਨ 2. ਪੰਜਾਬੀ ਵਿੱਚ ਅਨੁਵਾਦ ਲਿਖੋ:-

(i) Pond :- ਤਲਾਬ

(ii) Quickly :- ਤੇਜ਼ੀ ਨਾਲ

(iii) Infant birds :- ਚੂਚੇ

(iv) Plants :- ਬੂਟੇ

(v) warmth:- ਗਰਮੀ

(vi) Coop :- ਖੁੱਡਾ

ਪ੍ਰਸ਼ਨ 3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :-

ੳ) ਤੇਜ਼ ਹਨੇਰੇ ਨਾਲ ਕੀ ਪੈਣ ਲੱਗੇ ?

ਉੱਤਰ :- ਤੇਜ਼ ਹਨੇਰੇ ਨਾਲ ਗੜੇ ਪੈਣ ਲੱਗੇ।

ਅ) ਆਲਣੇ ਵਿੱਚ ਕਿਹੜੇ ਰੰਗ ਦੀ ਚਿੜੀ ਰਹਿੰਦੀ ਸੀ?

ਉੱਤਰ :- ਆਲਣੇ ਵਿੱਚ ਕਾਲੇ ਰੰਗ ਦੀ ਚਿੜੀ ਰਹਿੰਦੀ ਸੀ।

ੲ) ਰਵਨੀਤ ਦਾ ਮੂੰਹ ਕੌਣ ਚੱਟਣ ਲੱਗਾ?

ਉੱਤਰ :- ਰਵਨੀਤ ਦਾ ਮੂੰਹ ਹੈਰੀ ਚੱਟਣ ਲੱਗਾ।

ਸ) ਮੁਰਗੀਆਂ ਕਿੱਥੇ ਰਹਿੰਦੀਆਂ ਹਨ?

ਉੱਤਰ :- ਮੁਰਗੀਆਂ ਆਪਣੇ ਖੁੱਡਿਆਂ ਵਿੱਚ ਰਹਿੰਦੀਆਂ ਹਨ।

ਹ) ਕਾਲੀ ਚਿੜੀ ਦੇ ਬੋਟ ਕਿਉਂ ਖੁਸ਼ ਸਨ?

ਉੱਤਰ :- ਕਾਲੀ ਚਿੜੀ ਦੇ ਬੋਟ ਭੂਰੀ ਚਿੜੀ ਦੀ ਮਦਦ ਕਰਕੇ ਖੁਸ਼ ਸਨ।

ਕ) ਰਵਨੀਤ ਆਪਣੇ ਮੰਮੀ ਪਾਪਾ ਨਾਲ ਕਿੱਥੇ ਗਿਆ?

ਉੱਤਰ :- ਰਵਨੀਤ ਆਪਣੇ ਮੰਮੀ ਪਾਪਾ ਨਾਲ ਚਾਚਾ ਜੀ ਦੇ ਫਾਰਮ ਹਾਊਸ ਗਿਆ।

ਪ੍ਰਸ਼ਨ 4.- ਸਹੀ ਉੱਤਰ ਤੇ ਠੀਕ ਦਾ ਨਿਸ਼ਾਨ ਲਗਾਓ:-

ੳ) ਕਤੂਰਾ ਕਿਸ ਨੂੰ ਕਹਿੰਦੇ ਹਨ?

ਕੁੱਤੀ ਦੇ ਬੱਚੇ ਨੂੰ ਬਿੱਲੀ ਦੇ ਬੱਚੇ ਨੂੰ

**ਉੱਤਰ :- ਕੁੱਤੀ ਦੇ ਬੱਚੇ ਨੂੰ**

ਅ) ਗਾਵਾਂ ਕੀ ਦਿੰਦੀਆਂ ਹਨ?

ਦੁੱਧ ਆਂਡੇ

**ਉੱਤਰ:- ਦੁੱਧ**

ੲ) ਰਵਨੀਤ ਹੋਰੀ ਕਿੰਨੇ ਵਜੇ ਫਾਰਮ ਹਾਊਸ ਪਹੁੰਚੇ?

ਚਾਰ ਵਜੇ ਛੇ ਵਜੇ

**ਉੱਤਰ :- ਛੇ ਵਜੇ**

ਸ) ਫਾਰਮ ਵਿਚਲੇ ਤਲਾਬ ਵਿੱਚ ਕੀ ਸੀ?

ਮੱਛੀਆਂ ਤੇ ਬੱਤਖਾਂ ਡੱਡੂ ਤੇ ਬੱਤਖਾਂ

**ਉੱਤਰ :- ਮੱਛੀਆਂ ਤੇ ਬੱਤਖਾਂ**

ਪ੍ਰਸ਼ਨ 5.- ਵਚਨ ਬਦਲੋ :-

(i) ਗਿਆ :- ਗਏ

(ii) ਮੇਰੀ :- ਮੇਰੀਆਂ

(iii) ਕੰਧ :- ਕੰਧਾਂ

(iv) ਗਾਂ :- ਗਾਂਵਾਂ

(v) ਭੈਣ :- ਭੈਣਾਂ

(vi) ਰਾਜਾ :- ਰਾਜੇ

(vii) ਬੱਕਰੀ :- ਬੱਕਰੀਆਂ

(viii) ਘੋੜਾ :- ਘੋੜੇ

ਪ੍ਰਸ਼ਨ 6.- ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ:-

ਦੁੱਧ :- ਗਾਂ ਦੁੱਧ ਦਿੰਦੀ ਹੈ।

ਆਂਡੇ :- ਮੁਰਗੀਆਂ ਆਂਡੇ ਦਿੰਦੀਆਂ ਹਨ ।

ਕਤੂਰਾ :- ਕੁੱਤੀ ਦੇ ਬੱਚੇ ਨੂੰ ਕਤੂਰਾ ਆਖਦੇ ਹਨ ।

ਦਰਖ਼ਤ :- ਦਰ੍ਖਤ ਉੱਤੇ ਚਿੜੀ ਬੈਠੀ ਹੈ।

ਪ੍ਰਸ਼ਨ 7.- ਗਿਣਤੀ ਲਿਖੋ:-

37 - ਸੈਂਤੀ 40- ਚਾਲੀ 38- ਅਠੱਤੀ

ਪ੍ਰਸ਼ਨ 8.- ਲੇਖ ਤਿਰੰਗਾ ਝੰਡਾ ਦੀਆਂ ਕੋਈ ਪੰਜ ਸਤਰਾਂ ਲਿਖੋ:-

1. ਝੰਡਾ ਸਾਡੇ ਦੇਸ਼ ਦੀ ਸ਼ਾਨ ਦਾ ਪ੍ਰਤੀਕ ਹੈ।
2. ਤਿੰਨ ਰੰਗ ਹੋਣ ਕਰਕੇ ਇਸ ਨੂੰ ਤਿਰੰਗਾ ਝੰਡਾ ਕਿਹਾ ਜਾਂਦਾ ਹੈ ।
3. ਕੇਸਰੀ ਰੰਗ ਸਾਹਸ ਤੇ ਕੁਰਬਾਨੀ ਦਾ ਪ੍ਰਤੀਕ ਹੈ।
4. ਹਰਾ ਰੰਗ ਹਰਿਆਲੀ ਦਾ ਪ੍ਰਤੀਕ ਹੈ।
5. ਸਫੇਦ ਰੰਗ ਸ਼ਾਂਤੀ ਦਾ ਪ੍ਰਤੀਕ ਹੈ।
6. ਝੰਡਾ ਹਰ ਸਾਲ 15 ਅਗਸਤ 'ਤੇ ਲਹਿਰਾਇਆ ਜਾਂਦਾ ਹੈ।
7. ਅਸ਼ੋਕ ਚੱਕਰ ਵਿੱਚ 24 ਭਾਗ ਹਨ ਤੇ ਇਹ ਨੀਲੇ ਰੰਗ ਦਾ ਹੁੰਦਾ ਹੈ ।
8. ਸਾਨੂੰ ਆਪਣੇ ਝੰਡੇ ਦਾ ਸਤਿਕਾਰ ਕਰਨਾ ਚਾਹੀਦਾ ਹੈ।

**SHIVALIK PUBLIC SCHOOL MOHALI**

**WORKSHEET - 3**

**CLASS IV**

**SUBJECT -PUNJABI**

**UNIT – 8, unit -9**

**ਭਾਗ ੳ (ਪਾਠ ਪੁਸਤਕ)**

**ਪ੍ਰਸ਼ਨ1: ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸਤਰਾਂ ਵਿੱਚ ਲਿਖੋ -**

**(ੳ)ਹਵਾ ਕਿਹੋ ਜਿਹੀ ਵਗ ਰਹੀ ਹੈ?**

**ਉੱਤਰ - ਸੀਤ ਹਵਾ ਵਗ ਰਹੀ ਹੈ।**

**(ਅ) ਸਾਰੇ ਬੱਚਿਆਂ ਨੂੰ ਕੌਣ ਆਵਾਜ਼ਾਂ ਮਾਰ ਰਿਹਾ ਹੈ?**

**ਉੱਤਰ - ਸਾਰੇ ਬੱਚਿਆਂ ਨੂੰ ਆਵਾਜ਼ਾਂ ਬਿੱਟੂ ਮਾਰ ਰਿਹਾ ਹੈ।**

**(ੲ) ਜਸਨੂਰ ਕੀ ਚਾਹੁੰਦਾ ਸੀ?**

**ਉੱਤਰ - ਜਸਨੂਰ ਇਕੱਲਾ ਗੁਬਾਰੇ ਫੁਲਾਉਣਾ ਚਾਹੁੰਦਾ ਸੀ।**

**(ਸ) ਬੱਦਲ ਕੀ ਲਿਆਉਂਦੇ ਹਨ?**

**ਉੱਤਰ - ਬੱਦਲ ਮੀਂਹ ਲਿਆਉਂਦੇ ਹਨ।**

**(ਹ) ਬੱਚੇ ਰਲ ਮਿਲ ਕੇ ਖੁਸ਼ੀ ਵਿੱਚ ਕੀ ਪਾ ਰਹੇ ਹਨ?**

**ਉੱਤਰ - ਬੱਚੇ ਰਲ ਮਿਲ ਕੇ ਖੁਸ਼ੀ ਵਿੱਚ ਭੰਗੜੇ ਪਾ ਰਹੇ ਹਨ।**

**ਪ੍ਰਸ਼ਨ2: ਖਾਲੀ ਥਾਂਵਾਂ ਭਰੋ।**

**(ੳ) ਬੱਦਲ਼ ਲੈ ਕੇ <u>ਮੀਂਹ</u> ਆਉਂਦੇ ਹਨ।**

**(ਅ) ਬੱਚਿਆਂ ਨੇ ਰਲ਼ ਕੇ <u>ਗ਼ੁਬਾਰੇ</u> ਫੁਲਾਏ**

**(ੲ) ਬੱਚੇ <u>ਬੁੱਕਾਂ</u> ਭਰ ਭਰ ਪਾਣੀ ਸੁੱਟ ਰਹੇ ਹਨ।**

ਪ੍ਰਸ਼ਨ3: ਅਨੁਵਾਦ ਪੰਜਾਬੀ ਵਿੱਚ ਲਿਖੋ:

(1) Spotted- ਚਿਤਕਬਰਾ

(2) Blow – ਫੂਕ

(3) To fall – ਵਰ੍ਹਨਾ

(4) Shine– ਲਿਸ਼ਕ

(5) Cold- ਠੰਢਾ

ਪ੍ਰਸ਼ਨ4: ਵਾਕ ਬਣਾਓ

(1) ਦੋਸਤ –

(2) ਹਵਾ

(3) ਮੀਂਹ

(4) ਬੱਦਲ

(5) ਖ਼ੁਸ਼ੀ

ਭਾਗ ਅ (ਵਿਆਕਰਨ)

ਪ੍ਰਸ਼ਨ5: ਵਿਰੋਧੀ ਸ਼ਬਦ

ੳ) ਹਨੇਰਾ – ਚਾਨਣ

ਅ) ਨੌਕਰ – ਮਾਲਕ

ੲ) ਜਿੱਤ - ਹਾਰ

ਸ) ਘਾਟਾ - ਵਾਧਾ

ਹ) ਉਲਟਾ - ਸਿੱਧਾ

ਪ੍ਰਸ਼ਨ6: ਗਿਣਤੀ

ੳ) 42 - ਬਿਆਲੀ

ਅ) 50 - ਪੰਜਾਹ

ੲ) 43 - ਤਿਰਤਾਲੀ

ਸ) 49 - ਉਣੰਜਾ

ਹ) 45 - ਪੰਤਾਲੀ

ਪ੍ਰਸ਼ਨ7) ਨੈਤਿਕ ਸਿੱਖਿਆ

ੳ) ਪਹਿਲੇ ਪੰਜ ਗੁਰੂ ਸਾਹਿਬਾਨਾਂ ਦੇ ਨਾਂ ਲਿਖੋ?

ਉੱਤਰ - ਸ਼੍ਰੀ ਗੁਰੂ ਨਾਨਕ ਦੇਵ ਜੀ

2) ਸ਼੍ਰੀ ਗੁਰੂ ਅੰਗਦ ਦੇਵ ਜੀ

3) ਸ਼੍ਰੀ ਗੁਰੂ ਅਮਰਦਾਸ ਜੀ

4) ਸ਼੍ਰੀ ਗੁਰੂ ਰਾਮਦਾਸ ਜੀ

5) ਸ਼੍ਰੀ ਗੁਰੂ ਅਰਜਨ ਦੇਵ ਜੀ

ਪ੍ਰਸ਼ਨ8) ਨਾਂਵ ਦੀ ਪਰਿਭਾਸ਼ਾ ਦਿੰਦੇ ਹੋਏ ਉਸਦੀ ਦੋ ਕਿਸਮਾਂ ਬਾਰੇ ਲਿਖੋ?

ਉੱਤਰ - ਅਜਿਹੇ ਸ਼ਬਦ ਜੋ ਕਿਸੇ ਵਿਅਕਤੀ, ਵਸਤੂ, ਸਥਾਨ, ਜੀਵ, ਭਾਵ ਆਦਿ ਦੇ ਨਾਂ ਨੂੰ ਪ੍ਰਗਟ ਕਰਨ ਉਹ ਨਾਂਵ ਅਖਵਾਉਂਦੇ ਹਨ।

ਜਿਵੇਂ - ਸਕੂਲ, ਦਿੱਲੀ, ਗੀਤਾ ਆਦਿ।

ਨਾਂਵ ਦੀਆਂ ਕਿਸਮਾਂ - 1) ਆਮ ਨਾਂਵ 2) ਖਾਸ ਨਾਂਵ

1) ਨਾਂਵ ਸ਼ਬਦ ਚੁਣੋ:

ੳ) ਬੱਚੇ ਜਮਾਤ ਵਿੱਚ ਬੈਠੇ ਹਨ।

ਅ) ਸੁਨੀਤਾ ਪਾਠ ਯਾਦ ਕਰ ਰਹੀ ਹਨ।

ਪ੍ਰਸ਼ਨ 9. ਜ਼ਰੂਰੀ ਕੰਮ ਲਈ ਬਿਨੈ ਪੱਤਰ।

**SHIVALIK PUBLIC SCHOOL MOHALI**

**WORKSHEET - 3**

**CLASS IV**

**SUBJECT -PUNJABI**

**UNIT – 8 , 9**

**ਭਾਗ ੳ (ਪਾਠ ਪੁਸਤਕ)**

**ਪ੍ਰਸ਼ਨ1: ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸਤਰਾਂ ਵਿੱਚ ਲਿਖੋ -**

(ੳ) ਹਵਾ ਕਿਹੋ ਜਿਹੀ ਵਗ ਰਹੀ ਹੈ?

(ਅ) ਸਾਰੇ ਬੱਚਿਆਂ ਨੂੰ ਅਵਾਜ਼ਾਂ ਕੌਣ ਮਾਰ ਰਿਹਾ ਹੈ ?

(ੲ) ਜਸਨੂਰ ਕੀ ਚਾਹੁੰਦਾ ਸੀ ?

(ਸ) ਬੱਦਲ ਕੀ ਲਿਆਉਂਦੇ ਹਨ ?

(ਹ) ਬੱਚੇ ਰਲ ਮਿਲ ਕੇ ਖੁਸ਼ੀ ਵਿੱਚ ਕੀ ਪਾ ਰਹੇ ਹਨ?

**ਪ੍ਰਸ਼ਨ2: ਖਾਲੀ ਥਾਂਵਾਂ ਭਰੋ।**

(ੳ) ਬੱਦਲ਼ ਲੈ ਕੇ _____ ਆਉਂਦੇ ਹਨ।

(ਅ) ਬੱਚਿਆਂ ਨੇ ਰਲ਼ ਕੇ _____ ਫੁਲਾਏ

(ੲ) ਬੱਚੇ ______ ਭਰ ਭਰ ਪਾਣੀ ਸੁੱਟ ਰਹੇ ਹਨ।

**ਪ੍ਰਸ਼ਨ3: ਅਨੁਵਾਦ ਪੰਜਾਬੀ ਵਿੱਚ ਲਿਖੋ:**

(1) Spotted-

(2) Blow –

(3) To fall –

(4) Shine–

(5) Cold-

**ਪ੍ਰਸ਼ਨ4: ਵਾਕ ਬਣਾਓ**

(1) ਦੋਸਤ –

(2) ਹਵਾ

(3) ਮੀਂਹ

(4) ਬੱਦਲ

(5) ਖ਼ੁਸ਼ੀ

**ਭਾਗ ਅ (ਵਿਆਕਰਨ)**

**ਪ੍ਰਸ਼ਨ5: ਵਿਰੋਧੀ ਸ਼ਬਦ**

ੳ) ਹਨੇਰਾ –

ਅ) ਨੌਕਰ –

ੲ) ਜਿੱਤ -

ਸ) ਘਾਟਾ -

ਹ) ਉਲਟਾ -

**ਪ੍ਰਸ਼ਨ6: ਗਿਣਤੀ**

ੳ) 42 -

ਅ) 50 -

ੲ) 43 -

ਸ) 49 -

ਹ) 45 -

**ਪ੍ਰਸ਼ਨ7) ਨੈਤਿਕ ਸਿੱਖਿਆ**

ੳ) ਪਹਿਲੇ ਪੰਜ ਗੁਰੂ ਸਾਹਿਬਾਨਾਂ ਦੇ ਨਾਂ ਲਿਖੋ?

ਪ੍ਰਸ਼ਨ8) ਨਾਂਵ ਦੀ ਪਰਿਭਾਸ਼ਾ ਦਿੰਦੇ ਹੋਏ ਉਸਦੀ ਦੋ ਕਿਸਮਾਂ ਬਾਰੇ ਲਿਖੋ?

1) ਨਾਂਵ ਸ਼ਬਦ ਚੁਣੋ:

ੳ) ਬੱਚੇ ਜਮਾਤ ਵਿੱਚ ਬੈਠੇ ਹਨ।

ਅ) ਸੁਨੀਤਾ ਪਾਠ ਯਾਦ ਕਰ ਰਹੀ ਹਨ।

ਪ੍ਰਸ਼ਨ 9) ਜ਼ਰੂਰੀ ਕੰਮ ਲਈ ਬਿਨੈ ਪੱਤਰ।

SHIVALIK PUBLIC SCHOOL MOHALI

WORKSHEET - 4

CLASS IV

SUBJECT -PUNJABI

UNIT – 10

ਭਾਗ ੳ (ਪਾਠ ਪੁਸਤਕ)

ਪ੍ਰਸ਼ਨ1: ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸਤਰਾਂ ਵਿੱਚ ਲਿਖੋ -

(ੳ) ਸ਼ੇਖਚਿਲੀ ਕਿਸ ਕੰਮ ਲਈ ਤਿਆਰ ਹੋ ਗਿਆ?

(ਅ) ਸੋਨਪਰੀ ਨੇ ਜੋ ਜੋ - ਜੋ ਗੱਲਾਂ ਸਮਝਾਈਆਂ, ਉਸ ਵਿੱਚੋਂ ਕੋਈ ਦੋ ਗੱਲਾਂ ਲਿਖੋ?

(ੲ) ਸ਼ੇਖਚਿਲੀ ਨੂੰ ਕੰਮ ਦੇ ਬਦਲੇ ਕਿੰਨੇ ਪੈਸੇ ਮਿਲਣੇ ਤੈਅ ਹੋਏ ?

(ਸ) ਬੀਬੇ ਬੱਚੇ ਕਿਹੋ ਜਿਹੇ ਹੁੰਦੇ ਹਨ ?

(ਹ) ਘੜਾ ਕਿਵੇਂ ਟੁੱਟ ਗਿਆ?

(ਕ) ਸ਼ੇਖਚਿਲੀ ਨੇ ਆਪਣੇ ਪੁੱਤਰ ਨੂੰ ਲੱਤ ਮਾਰਨ ਬਾਰੇ ਕਿਉਂ ਸੋਚਿਆ?

(ਖ) ਘੜੇ ਦਾ ਮਾਲਕ ਕੀ ਚਾਹੁੰਦਾ ਸੀ?

(ਗ) ਰਾਤੀਂ ਸੁਪਨੇ ਵਿੱਚ ਕਿਸਨੇ ਬੁਲਾਇਆ?

ਪ੍ਰਸ਼ਨ2: ਖਾਲੀ ਥਾਂਵਾਂ ਭਰੋ| ( ਵੇਲ਼ੇ , ਬਜ਼ਾਰ , ਚੰਗੀ , ਮੁਰਗੀ, ਗੰਦ )

(ੳ) ਸੱਚ ਬੋਲਣਾ _____ ਆਦਤ ਹੈ।

(ਅ) ਸ਼ੇਖਚਿਲੀ ਨੇ ਪੈਸਿਆਂ ਨਾਲ ________ ਲੈਣ ਬਾਰੇ ਸੋਚਿਆ।

(ੲ) ਸਾਨੂੰ ਆਪਣੇ ਕੰਮ ______ ਕਰਨੇ ਚਾਹੀਦੇ ਹਨ।

(ਸ) ਇਧਰ ਉਧਰ _____ ਨਹੀਂ ਪਾਉਣਾ ਚਾਹੀਦਾ ਹੈ।

(ਹ) ਸ਼ੇਖਚਿਲੀ ______ ਵਿੱਚੋਂ ਜਾ ਰਿਹਾ ਸੀ।

ਪ੍ਰਸ਼ਨ3: ਅਨੁਵਾਦ ਪੰਜਾਬੀ ਵਿੱਚ ਲਿਖੋ:

(1) Movement-

(2) Calf –

(3) Good child –

(4) Busy –

(5) Drawing room –

ਪ੍ਰਸ਼ਨ4: ਵਾਕ ਬਣਾਓ

(1) ਟੱਬਰ –

(2) ਸੁਪਨਾ -

(3) ਮਾਲਕ -

(4) ਹੌਲੀ - ਹੌਲੀ -

(5) ਘੋੜੀ -

ਪ੍ਰਸ਼ਨ5: ਸਹੀ ਅਤੇ ਗ਼ਲਤ ਦਾ ਨਿਸ਼ਾਨ ਲਗਾਓ -

(1) ਬੀਬੇ ਬੱਚੇ ਸਵੇਰੇ ਸਵਖ਼ਤੇ ਉੱਠਦੇ ਹਨ।

(2) ਦਿਨੇ ਸੁਪਨੇ ਵਿੱਚ ਸੋਨਪਰੀ ਨੇ ਬੁਲਾਇਆ।

ਪ੍ਰਸ਼ਨ6. ਸਹੀ ਉੱਤਰ ਚੁਣੋ -

(1) ਘੋੜੀ ਵੱਛੇ ਅਤੇ ______ ਦਵੇਗੀ।

(ੳ) ਕੱਟੀਆਂ (ਅ) ਵੱਛੇਰੀਆਂ

(2) ______ ਰੱਖਣ ਸਦਾ ਖ਼ਿਆਲ।

(ੳ) ਪਰੀਆਂ (ਅ) ਮਾਂਵਾਂ

(3) ਵੱਛੇ - ਵਛੇਰੀਆਂ ਵੇਚ ਕੇ ਸ਼ੇਖਚਿਲੀ ਕੀ ਕਰਨ ਬਾਰੇ ਸੋਚਦਾ ਹੈ।

(ੳ) ਵਿਆਹ ਕਰਵਾਉਣ ਬਾਰੇ (ਅ) ਕਾਰੋਬਾਰ ਖੋਲ੍ਹਣ ਬਾਰੇ

(4) ਆਦਮੀ ਕੋਲ _____ ਸੀ।

(ੳ) ਘੜਾ (ਅ) ਮਿੱਟੀ ਦਾ ਭਾਂਡਾ

ਪ੍ਰਸ਼ਨ7: ਕੋਈ ਪੰਜ ਮਹੀਨਿਆਂ ਦੇ ਨਾਂ ਲਿਖੋ।